# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ
ਕਮਰਾ ਨੰ: 447, ਤੀਜੀ ਮੰਜਿਲ, ਮਿਨੀ ਸੱਕਤਰੇਤ ਬਠਿੰਡਾ
ਫੋਨ ਨੰ: 0164-5013680

*************************************************************************************

ਵੱਲ

ਸਮੂਹ ਸਕੂਲ ਮੁੱਖੀ (ਫੇਜ-5 ਸਕੂਲ)

ਸਮਿਸ, ਜਿਲਾ ਬਠਿੰਡਾ

ਪੱਤਰ ਨੰ: ਆਈ.ਸੀ.ਟੀ/ਹਾਰਡਵੇਅਰ/2017/2518 ਮਿਤੀ: 05.12.2017

**ਵਿਸ਼ਾ:- ਆਈ ਸੀ ਟੀ ਫੇਜ-5 ਦੇ 1093 ਸਕੂਲਾਂ ਦਾ ਹਾਰਡਵੇਅਰ ਮੇਟੇਂਨੇਂਸ ਕੰਟਰੈਕਟ ਖਤਮ ਹੋਣ ਸਬੰਧੀ।**

**ਹਵਾਲਾ:- ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ ਦੇ ਪੱਤਰ ਨੰ: 3/8-ICT/2012/HW/Ph-5/13532 ਮਿਤੀ: 01.12.2017 ਦੇ ਸਬੰਧ ਵਿੱਚ।**

1) ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਆਈ.ਸੀ.ਟੀ. ਫੇਜ-5 ਦੇ 1093 ਸਕੂਲਾਂ (746 ਸਰਕਾਰੀ ਅਤੇ 347 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ) ਦੀਆਂ ਕੰਪਿਊਟਰ ਲੈਬ ਵਿੱਚ ਲੱਗੇ ਹਾਰਡਵੇਅਰ ਦੀ ਮੇਟੇਂਨੇਂਸ ਦਾ M/s HCL ਨਾਲ ਚੱਲ ਰਿਹਾ 5 ਸਾਲਾਂ ਦਾ ਕੰਟਰੈਕਟ ਮਿਤੀ 09.12.2017 ਨੂੰ ਖਤਮ ਹੋ ਰਿਹਾ ਹੈ।
2) ਉਕਤ ਦੇ ਮੱਦੇਨਜਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਫੇਜ-5 ਦੇ ਸਕੂਲਾਂ ਵਿੱਚ 09.12.17 ਤੱਕ ਹਾਰਡਵੇਅਰ ਦੇ ਪਾਰਟਸ Original Specification ਅਨੁਸਾਰ ਪੂਰੇ ਹੋਣ, ਕੰਪਨੀ ਵੱਲੋਂ ਇਸ ਸਮੇਂ ਰਿਪਲੇਸ ਕੀਤੀਆਂ ਜਾ ਰਹੀਆਂ UPS ਦੀਆਂ ਬੈਟਰੀਆਂ ਨਵੀਆਂ ਹੋਣ ਅਤੇ ਮਿਤੀ 09.12.2017 ਤੱਕ ਚੋਰੀ ਦਾ ਕੋਈ ਵੀ ਕੇਸ ਪੈਂਡਗ ਨਾ ਹੋਵੇ। ਜਿਨਾਂ ਚੋਰੀ ਦੇ ਕੇਸਾਂ ਦੀ FIR ਪੈਂਡਿਗ ਹੈ, ਉਹਨਾਂ ਕੇਸਾਂ ਵਿੱਚ ਤੁਰੰਤ FIR ਦਰਜ ਕਰਵਾ ਕੇ ਕੰਪਨੀ ਨੂੰ ਦਿੱਤੀ ਜਾਵੇ।
3) ਇਸ ਤੋਂ ਇਲਾਵਾ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਹਾਰਡਵੇਅਰ ਨਾਲ ਸਬੰਧਤ ਸ਼ਿਕਾਇਤਾਂ ਅਤੇ ਚੋਰੀ ਦੇ ਕੇਸ ਮਿਤੀ 09.12.17 ਤੱਕ ਹਰ ਹਾਲਤ ਵਿੱਚ ਕੰਪਨੀ ਕੋਲ ਫੋਨ/ਈ-ਮੇਲ ਰਾਂਹੀ ਦਰਜ ਕਰਵਾ ਦਿੱਤੀਆਂ ਜਾਣ।ਜੇਕਰ ਕੰਪਨੀ ਵੱਲੋਂ ਕੰਪਲੇਟ ਦਰਜ ਨਹੀਂ ਕੀਤੀ ਜਾਂਦੀ ਤਾਂ ਸਕੂਲ ਮੁੱਖੀ ਇਸ ਦਫਤਰ ਦੀ ਆਈ.ਸੀ.ਟੀ. ਬ੍ਰਾਂਚ ਕੋਲ ਸ਼ਿਕਾਇਤ ਕਰਵਾ ਦੇਵੇ।
4) ਸਕੂਲ ਮੁੱਖੀਆਂ ਵੱਲੋਂ ਸਾਰਾ ਹਾਰਡਵੇਅਰ Specifications ਅਨੁਸਾਰ ਪੂਰਾ ਹੋਣ ਦਾ ਸਰਟੀਫੀਕੇਟ ਇਸ ਦਫਤਰ ਨੂੰ ਮਿਤੀ 15.12.2017 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।
5) ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

5/12/17

**ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)**
**ਬਠਿੰਡਾ**